# ਪੰਜਾਬ ਵਿਧਾਨ ਸਭਾ

-----------

## 16ਵੀਂ ਪੰਜਾਬ ਵਿਧਾਨ ਸਭਾ

## ਬਾਰ੍ਹਵਾਂ (ਬਜਟ) ਸਮਾਗਮ

-----------

## ਕਾਰਜ ਸੂਚੀ

16 ਮਾਰਚ 2026

11:00 ਵਜੇ ਪੂਰਵ ਦੁਪਹਿਰ

-----------

1. <u>ਪ੍ਰਸ਼ਨ</u>

(1) ਵੱਖ ਸੂਚੀ ਵਿੱਚ ਦਰਜ ਪ੍ਰਸ਼ਨ ਪੁੱਛੇ ਜਾਣਗੇ ਅਤੇ ਜਵਾਬ ਦਿੱਤੇ ਜਾਣਗੇ।

2. <u>ਧਿਆਨ ਦਿਵਾਊ ਨੋਟਿਸ</u>

(1) **ਡਾ. ਵਿਜੇ ਸਿੰਗਲਾ, ਐਮ.ਐਲ.ਏ:** - ਪੇਂਡੂ ਵਿਕਾਸ ਅਤੇ ਪੰਚਾਇਤ ਮੰਤਰੀ ਦਾ ਧਿਆਨ ਮਾਨਸਾ ਵਿਧਾਨ ਸਭਾ ਹਲਕੇ ਦੇ ਪਿੰਡ ਢੈਪਈ, ਤਹਿਸੀਲ ਭੀਖੀ ਵਿੱਚ ਸਰਕਾਰੀ ਆਈ.ਟੀ.ਆਈ. ਨੂੰ ਜਾਣ ਲਈ ਕੋਈ ਸੜਕ ਨਾ ਹੋਣ ਕਾਰਨ ਵਿਦਿਆਰਥੀਆਂ ਨੂੰ ਆ ਰਹੀਆਂ ਮੁਸ਼ਕਲਾਂ ਵੱਲ ਦਿਵਾਉਣਗੇ।

(**ਨੰਬਰ 48**)

(2) **ਸਰਦਾਰ ਫੌਜਾ ਸਿੰਘ ਸਰਾਰੀ, ਐਮ.ਐਲ.ਏ:** - ਲੋਕ ਨਿਰਮਾਣ (ਭ ਅਤੇ ਮ) ਮੰਤਰੀ ਦਾ ਧਿਆਨ ਫਿਰੋਜ਼ਪੁਰ ਤੋਂ ਫਾਜ਼ਿਲਕਾ ਸੜਕ ਤੇ ਵਾਹਨਾਂ ਦੀ ਭਾਰੀ ਭੀੜ ਨੂੰ ਧਿਆਨ ਵਿੱਚ ਰੱਖਦੇ ਹੋਏ ਚਾਰ ਮਾਰਗੀ ਕਰਨ ਦੀ ਜ਼ਰੂਰਤ ਵੱਲ ਦਿਵਾਉਣਗੇ।

(ਨੰਬਰ 49)

(3) **ਪ੍ਰੋ. ਬਲਜਿੰਦਰ ਕੌਰ, ਐਮ.ਐਲ.ਏ:** - ਉਦਯੋਗ ਅਤੇ ਵਣਜ ਮੰਤਰੀ ਦਾ ਧਿਆਨ ਤਲਵੰਡੀ ਸਾਬੋ ਵਿੱਚ ਸਥਿਤ ਗੁਰੂ ਗੋਬਿੰਦ ਸਿੰਘ ਰਿਫਾਇਨਰੀ ਦੀ ਆਮਦਨ ਤੋਂ ਪੈਦਾ ਹੋਣ ਵਾਲੇ 2% ਸੀਐਸਆਰ ਦੀ ਵਰਤੋਂ ਖੇਤਰ ਦੇ ਵਿਕਾਸ ਲਈ ਨਾ ਕਰਨ ਵੱਲ ਦਿਵਾਉਣਗੇ।

(ਨੰਬਰ 50)

3. <u>ਨਿਯਮ 16 ਅਧੀਨ ਪ੍ਰਸਤਾਵ</u>

(1) **ਇੱਕ ਮੰਤਰੀ** ਪ੍ਰਸਤਾਵ ਕਰਨਗੇ ਕਿ ਵਿਧਾਨ ਸਭਾ ਅੱਜ ਇਸ ਦੇ ਉੱਠ ਜਾਣ ਤੇ ਅਣਮਿੱਥੇ ਸਮੇਂ ਲਈ ਸਥੱਗਿਤ ਹੋ ਜਾਵੇਗੀ।

4. <u>ਮੇਜ਼ ਤੇ ਰੱਖੇ ਜਾਣ ਵਾਲੇ ਕਾਗਜ਼ ਪੱਤਰ</u>

(1) ਇੱਕ ਮੰਤਰੀ ਸਦਨ ਦੀ ਮੇਜ਼ ਤੇ ਰੱਖਣਗੇ -

(i) ਸਾਲ 2023-24 ਲਈ ਰਾਜ ਵਿੱਤ ਤੇ ਭਾਰਤ ਦੇ ਕੰਪਟਰੋਲਰ ਅਤੇ ਆਡੀਟਰ ਜਨਰਲ ਦੀ ਰਿਪੋਰਟ (ਸਾਲ 2025 ਦੀ ਰਿਪੋਰਟ ਨੰਬਰ 1);

(ii) ਮਾਰਚ 2023 ਨੂੰ ਖਤਮ ਹੋਈ ਮਿਆਦ ਲਈ ਸਟੇਟ ਪਬਲਿਕ ਸੈਕਟਰ ਐਂਟਰਪ੍ਰਾਈਜ਼ਿਜ਼ ਤੇ ਭਾਰਤ ਦੇ ਕੰਪਟਰੋਲਰ ਅਤੇ ਆਡੀਟਰ ਜਨਰਲ ਦੀ ਰਿਪੋਰਟ (ਸਾਲ 2025 ਦੀ ਰਿਪੋਰਟ ਨੰਬਰ 2);

(iii) ਮਾਰਚ 2023 ਨੂੰ ਖਤਮ ਹੋਈ ਮਿਆਦ ਲਈ ਰਾਜ ਦੇ ਮਾਲੀਏ ਤੇ ਭਾਰਤ ਦੇ ਕੰਪਟਰੋਲਰ ਅਤੇ ਆਡੀਟਰ ਜਨਰਲ ਦੀ ਰਿਪੋਰਟ (ਸਾਲ 2025 ਦੀ ਰਿਪੋਰਟ ਨੰਬਰ 3);

(iv) ਮਾਰਚ 2023 ਨੂੰ ਖਤਮ ਹੋਈ ਮਿਆਦ ਲਈ ਭਾਰਤ ਦੇ ਕੰਪਟਰੋਲਰ ਅਤੇ ਆਡੀਟਰ ਜਨਰਲ ਦੀ ਰਿਪੋਰਟ (ਸਾਲ 2025 ਦੀ ਰਿਪੋਰਟ ਨੰਬਰ 4);

(v) ਪੰਜਾਬ ਵਿੱਚ ਸ਼ਹਿਰੀ ਸਥਾਨਕ ਸੰਸਥਾਵਾਂ ਦੁਆਰਾ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਅਤੇ ਠੋਸ ਰਹਿੰਦ-ਖੂੰਹਦ ਪ੍ਰਬੰਧਨ ਤੇ ਕਾਰਗੁਜ਼ਾਰੀ ਲੇਖਾ ਪੜਤਾਲ ਤੇ ਭਾਰਤ ਦੇ ਕੰਪਟਰੋਲਰ ਅਤੇ ਆਡੀਟਰ ਜਨਰਲ ਦੀ ਰਿਪੋਰਟ (ਸਾਲ 2025 ਦੀ ਰਿਪੋਰਟ ਨੰ. 5);

(vi) ਮਾਰਚ 2024 ਨੂੰ ਖਤਮ ਹੋਈ ਮਿਆਦ ਲਈ ਰਾਜ ਦੇ ਮਾਲੀਏ 'ਤੇ ਭਾਰਤ ਦੇ ਕੰਪਟਰੋਲਰ ਅਤੇ ਆਡੀਟਰ ਜਨਰਲ ਦੀ ਰਿਪੋਰਟ (ਸਾਲ 2025 ਦੀ ਰਿਪੋਰਟ ਨੰ. 6);

(vii) ਮਾਰਚ 2024 ਨੂੰ ਖਤਮ ਹੋਈ ਮਿਆਦ ਲਈ ਭਾਰਤ ਦੇ ਕੰਪਟਰੋਲਰ ਅਤੇ ਆਡੀਟਰ ਜਨਰਲ ਦੀ ਰਿਪੋਰਟ (ਸਾਲ 2025 ਦੀ ਰਿਪੋਰਟ ਨੰ. 7);

(viii) ਮਾਰਚ 2023 ਨੂੰ ਖਤਮ ਹੋਈ ਮਿਆਦ ਲਈ ਸਥਾਨਕ ਸੰਸਥਾਵਾਂ 'ਤੇ ਭਾਰਤ ਦੇ ਕੰਪਟਰੋਲਰ ਅਤੇ ਆਡੀਟਰ ਜਨਰਲ ਦੀ ਰਿਪੋਰਟ (2026 ਦੀ ਰਿਪੋਰਟ ਨੰ. 1) (ਸਥਾਨਕ ਸਰਕਾਰਾਂ ਵਿਭਾਗ ਅਤੇ ਪੇਂਡੂ ਵਿਕਾਸ ਅਤੇ ਪੰਚਾਇਤਾਂ ਵਿਭਾਗ);

(ix) ਸਾਲ 2024-25 ਲਈ ਪੰਜਾਬ ਸਰਕਾਰ ਦੇ ਵਿੱਤ ਲੇਖੇ (ਭਾਗ-I );

(x) ਸਾਲ 2024-25 ਲਈ ਪੰਜਾਬ ਸਰਕਾਰ ਦੇ ਵਿੱਤ ਲੇਖੇ (ਭਾਗ-II); ਅਤੇ

(xi) ਸਾਲ 2024-25 ਲਈ ਪੰਜਾਬ ਸਰਕਾਰ ਦੇ ਨਮਿੱਤਣ ਲੇਖੇ।

5. <u>ਰਿਪੋਰਟਾਂ ਪੇਸ਼ ਕਰਨਾ</u>

(1) **ਸਭਾਪਤੀ, ਬੁੱਢਾ ਦਰਿਆ ਅਤੇ ਘੱਗਰ ਦਰਿਆ ਕਮੇਟੀ** ਸਾਲ 2022-26 ਲਈ ਰਿਪੋਰਟ ਪੇਸ਼ ਕਰਨਗੇ।

6. <u>ਸਾਲ 2026-27 ਲਈ ਚੁਣੀਆਂ ਜਾਣ ਵਾਲੀਆਂ ਕਮੇਟੀਆਂ ਦੇ ਗਠਨ ਸਬੰਧੀ ਪ੍ਰਸਤਾਵ</u>

(1) 1. **ਇੱਕ ਮੰਤਰੀ** ਪ੍ਰਸਤਾਵ ਕਰਨਗੇ ਕਿ -

ਕਿਉਂਜੋ ਸਾਲ 2026-27 ਲਈ: -

1. ਲੋਕ ਲੇਖਾ ਕਮੇਟੀ;
2. ਅਨੁਮਾਨ ਕਮੇਟੀ;
3. ਸਰਕਾਰੀ ਕਾਰੋਬਾਰ ਕਮੇਟੀ; ਅਤੇ
4. ਅਨੁਸੂਚਿਤ ਜਾਤੀਆਂ, ਅਨੁਸੂਚਿਤ ਕਬੀਲਿਆਂ ਅਤੇ ਪੱਛੜੀਆਂ ਸ਼੍ਰੇਣੀਆਂ ਦੀ ਭਲਾਈ ਲਈ ਕਮੇਟੀ, ਲਈ ਚੋਣਾਂ 31 ਮਾਰਚ, 2026 ਤੋਂ ਪਹਿਲਾਂ ਕੀਤੀਆਂ ਜਾਣੀਆਂ ਬਣਦੀਆਂ ਹਨ; ਅਤੇ

ਕਿਉਂਜੋ ਸਦਨ ਕੋਲ ਬਾਕੀ ਰਹਿੰਦਾ ਸਮਾਂ ਬਹੁਤ ਘੱਟ ਹੈ ਅਤੇ ਸਾਧਾਰਨ ਰੂਪ ਵਿੱਚ ਇਨ੍ਹਾਂ ਕਮੇਟੀਆਂ ਲਈ ਚੋਣ ਕਰਵਾਉਣਾ ਸੰਭਵ ਨਹੀਂ ਹੈ;

ਇਸ ਲਈ, ਹੁਣ, ਇਹ ਸਦਨ ਸਪੀਕਰ, ਪੰਜਾਬ ਵਿਧਾਨ ਸਭਾ ਨੂੰ ਸਦਨ ਵਿੱਚ ਵੱਖ-ਵੱਖ ਪਾਰਟੀਆਂ/ਗਰੁੱਪਾਂ ਦੀ ਅਨੁਪਾਤੀ ਸੰਖਿਆ ਨੂੰ ਧਿਆਨ ਵਿੱਚ ਰੱਖਦੇ ਹੋਏ ਉਕਤ ਵਰਣਿਤ ਸਾਲ ਲਈ ਉਪਰੋਕਤ ਕਮੇਟੀਆਂ ਦੇ ਮੈਂਬਰ ਨਾਮਜ਼ਦ ਕਰਨ ਦਾ ਅਧਿਕਾਰ ਦਿੰਦਾ ਹੈ;

ਇਹ ਸਦਨ, ਹੋਰ ਇਹ ਵੀ ਮਤਾ ਪਕਾਉਂਦਾ ਹੈ ਕਿ ਉਪਰੋਕਤ ਮੰਤਵ ਲਈ ਸਾਲ 2026-27 ਲਈ ਉਕਤ ਕਮੇਟੀਆਂ ਦੀਆਂ ਚੋਣਾਂ ਸਬੰਧੀ ਪੰਜਾਬ ਵਿਧਾਨ ਸਭਾ ਦੀ ਕਾਰਜਵਿਧੀ ਅਤੇ ਕਾਰਜ ਸੰਚਾਲਣ ਨਿਯਮਾਵਲੀ ਦੇ ਨਿਯਮ ਜੋ ਉਕਤ ਮਤੇ ਨਾਲ ਮੇਲ ਨਾ ਖਾਂਦੇ ਹੋਣ ਜਾਂ ਉਸਦੇ ਉਲਟ ਹੋਣ, ਮੁਅੱਤਲ ਰਹਿਣਗੇ।

7. <u>ਵਿਧਾਨਕ ਕੰਮ ਕਾਰ</u>

(1) **ਇੱਕ ਮੰਤਰੀ** ਪੰਜਾਬ ਰੈਗੂਲੇਸ਼ਨ ਆਫ਼ ਕਰੱਸ਼ਰ ਯੂਨਿਟਸ ਐਂਡ ਸਟਾਕਿਸਟਸ ਐਂਡ ਰਿਟੇਲਰਜ਼ (ਸੋਧ) ਬਿਲ, 2026 ਪੇਸ਼ ਕਰਨਗੇ।

ਪ੍ਰਸਤਾਵ ਕਰਨਗੇ ਕਿ ਪੰਜਾਬ ਰੈਗੂਲੇਸ਼ਨ ਆਫ਼ ਕਰੱਸ਼ਰ ਯੂਨਿਟਸ ਐਂਡ ਸਟਾਕਿਸਟਸ ਐਂਡ ਰਿਟੇਲਰਜ਼ (ਸੋਧ) ਬਿਲ, 2026 ਤੇ ਤੁਰਤ ਵਿਚਾਰ ਕੀਤਾ ਜਾਵੇ।

ਇਹ ਪ੍ਰਸਤਾਵ ਵੀ ਕਰਨਗੇ ਕਿ ਬਿਲ ਪਾਸ ਕੀਤਾ ਜਾਵੇ।

(ਆਰਡੀਨੈਂਸ ਦੀ ਥਾਂ ਤੇ)

(2) **ਇੱਕ ਮੰਤਰੀ** ਸ਼੍ਰੀ ਗੁਰੂ ਤੇਗ ਬਹਾਦਰ ਵਰਲਡ ਕਲਾਸ ਯੂਨੀਵਰਸਿਟੀ, ਪੰਜਾਬ ਬਿਲ, 2026 ਪੇਸ਼ ਕਰਨਗੇ।

ਪ੍ਰਸਤਾਵ ਕਰਨਗੇ ਕਿ ਸ਼੍ਰੀ ਗੁਰੂ ਤੇਗ ਬਹਾਦਰ ਵਰਲਡ ਕਲਾਸ ਯੂਨੀਵਰਸਿਟੀ, ਪੰਜਾਬ ਬਿਲ, 2026 ਤੇ ਤਰੁੰਤ ਵਿਚਾਰ ਕੀਤਾ ਜਾਵੇ।

ਇਹ ਪ੍ਰਸਤਾਵ ਵੀ ਕਰਨਗੇ ਕਿ ਬਿਲ ਪਾਸ ਕੀਤਾ ਜਾਵੇ।

ਪੰਜਾਬ ਵਿਧਾਨ ਸਭਾ
ਚੰਡੀਗੜ੍ਹ -160001
ਮਿਤੀ:15 ਮਾਰਚ 2026 ਐਤਵਾਰ

ਰਾਮ ਲੋਕ ਖਟਾਣਾ
ਸਕੱਤਰ
ਪੰਜਾਬ ਵਿਧਾਨ ਸਭਾ